# ਵਿਸ਼ਾ:ਭਾਸ਼ਾ ਅਰਥ ਪਰਿਵਰਤਨ ਦੇ ਕਾਰਨ

*ਕਲਾਸ:ਬੀ.ਏ.ਪਹਿਲਾ ਸਾਲ (ਪੰਜਾਬੀ ਇਲੈਕਟਿਵ)*

ਪ੍ਰਸਤੁਤ ਕਰਤਾ:ਡਾ.ਜਸਪਾਲ ਸਿੰਘ

# ਭੂਮਿਕਾ

- –ਭਾਸ਼ਾ ਮਨੁ¼ਖੀ ਸੰਚਾਰ ਦਾ ਸਭ ਤੋਂ ਮਹਤਵਪੂਰਨ ਸਾਧਨ ਹੈ।
- –ਭਾਸ਼ਾ ਰਾਹੀਂ ਮਨੁ¼ਖ ਨੂੰ ਦੂਜੇ ਜੀਵਾਂ ਤੋਂ ਵਖਰਾਇਆ ਜਾ ਸਕਦਾ ਹੈ।
- –ਭਾਸ਼ਾ ਸਮਾਜ ਵਿਚੋਂ ਗ੍ਰਹਿਣ ਕੀਤੀ ਜਾਂਦੀ ਹੈ
- –ਭਾਸ਼ਾ ਪਰਿਵਰਤਨਸ਼ੀਲ ਹੈ।
- –ਪਰਿਵਰਤਨਸ਼ੀਲ ਹੋਣ ਕਰਕੇ ਅਰਥਾਂ ਵਿਚ ਪਰਿਵਤਨ ਵਾਪਰਦਾ ਹੈ।

# ਭਾਸ਼ਾ ਪਰਿਵਰਤਨ ਦੇ ਕਾਰਨ

- ਪੀੜ੍ਹੀ ਪਰਿਵਰਤਨ
- ਨਵੀਆਂ ਵਸਤਾਂ ਦਾ ਨਿਰਮਾਣ
- ਵਾਤਾਵਰਣ ਵਿਚ ਪਰਿਵਰਤਨ
- ਬਲ ਪਰਿਵਰਤਨ
- ਅਸ਼¼ੁਭ ਲਈ ਸ਼¼ੁਭ ਦਾ ਪ੍ਰਯੋਗ
- ਹੋਰ ਭਾਸ਼ਾਵਾਂ ਤੋਂ ਸ਼ਬਦ ਉਧਾਰ ਲੈਣਾ

# ਪੀੜ੍ਹੀ ਪਰਿਵਰਤਨ

ਪੀੜ੍ਹੀ-ਦਰ-ਪੀੜ੍ਹੀ ਪਰਿਵਰਤਨ ਸ਼ਬਦਾਂ ਦੇ ਅਰਥ ਵੀ ਬਦਲਦੇ ਜਾਂਦੇ ਹਨ। ਜਿਵੇਂ ਆਰੰਭ ਵਿੱਚ ਸ਼ਬਦ 'ਪੱਤਰ'ਸਿਰਫ਼ ਰੁੱਖ ਦੇ ਪੱਤੇ ਲਈ ਵਰਤਿਆ ਜਾਂਦਾ ਸੀ,ਅੱਜ ਇਸ ਦਾ ਅਰਥ ਚਿੱਠੀ ਜਾਂ ਖ਼ਤ ਵੀ ਹੈ।

# ਅਸ਼¼ਭ ਲਈ ਸ਼¼ਭ ਦਾ ਪ੍ਰਯੋਗ

- ਅਸ਼ੁੱਭ ਜਾਂ ਬੁਰੇ ਭਾਵਾਂ ਦੇ ਬੌਧਕ ਸ਼ਬਦਾਂ ਲਈ ਚੰਗੇ ਸ਼ਬਦਾਂ ਦੇ ਪ੍ਰਯੋਗ ਨਾਲ ਵੀ ਅਰਥ ਪਰਿਵਰਤਨ ਹੁੰਦਾ ਹੈ। ਜਿਵੇਂ ਮਰ ਗਿਆ ਦੀ ਥਾਂ ‘ਚਲਾਣਾ ਕਰ ਗਿਆ’, ‘ਰੰਡੀ’ ਲਈ ‘ਸਿਰੋਂ-ਨੰਗੀ’ ਅਤੇ ‘ਬਿਮਾਰ’ ਨੂੰ ਢਿੱਲਾ ਹੈ ਆਦਿ।

# ਹੋਰ ਭਾਸ਼ਾਵਾਂ ਤੋਂ ਸ਼ਬਦ ਉਧਾਰ ਲੈਣਾ

- ਦੂਜੀਆਂ ਬੋਲੀਆਂ ਤੇ ਉਪਭਾਸ਼ਾਵਾਂ ਤੋਂ ਸ਼ਬਦ ਗ੍ਰਹਿਣ ਕਰਨ ਨਾਲ।
- ਜਿਵੇਂ ਮੁਸ਼ਕ ਦਾ ਮੂਲ ਅਰਥ ਹੈ,ਕਸਤੂਰੀ ਦੀ ਸੁਗੰਧ,ਪਰ ਪੰਜਾਬੀ ਵਿੱਚ ਇਹ ਸ਼ਬਦ ਬਦਬੂ ਹੈ।

# ਬਲ ਪਰਿਵਰਤਨ

- ਜਦੋਂ ਪ੍ਰਧਾਨ ਅਰਥ ਦੇ ਨਾਲ ਰਾਜਨੀਤਕ ਸਮਾਜਿਕ ਸਭਿਆਚਾਰਕ ਪ੍ਰਭਾਵਾਂ ਕਾਰਣ ਗੌਣ ਅਰਥ ਪ੍ਰਚਲਤ ਹੋ ਜਾਵੇ, ਤਾਂ ਹੌਲੀ ਹੌਲੀ ਪ੍ਰਧਾਨ ਅਰਥ ਤੇ ਬਲ ਘਟਦਾ ਜਾਂਦਾ ਹੈ ਤੇ ਗੌਣ ਅਰਥ ਤੇ ਬਲ ਪੈਣ ਲੱਗ ਜਾਂਦਾ ਹੈ।ਜਿਵੇਂ ਗੋ–ਸਵਾਮੀ(ਗਊਆਂ ਦਾ ਮਾਲਕ) ਦਾ ਅਰਥ ਸੰਤ ਮਹਾਤਮਾ ਹੋ ਗਿਆ ਹੈ।

# ਵਾਤਾਵਰਣ ਵਿਚ ਪਰਿਵਰਤਨ

- ਭੂਗੋਲਿਕ,ਸਮਾਜਿਕ ਅਤੇ ਰਾਜਨੀਤਕ ਵਾਤਾਵਰਣ ਵਿੱਚ ਪਰਿਵਰਤਣ ਨਾਲ ਅਰਥਾਂ ਵਿੱਚ ਪਰਿਵਰਤਣ ਹੁੰਦਾ ਰਹਿੰਦਾ ਹੈ।ਜਿਵੇਂ ਭਾਰਤ ਵਿੱਚ ‘ਦੇਵ’ ਦਾ ਅਰਥ ‘ਦੇਵਤਾ’ ਪਰ ਇਰਾਨ ਵਿੱਚ ਰਾਕਸ਼ਸ ਹੈ।

# ਨਵੀਆਂ ਵਸਤਾਂ ਦਾ ਨਿਰਮਾਣ

- ਵਿਗਿਆਨ ਤੇ ਮਨੋਵਿਗਿਆਨ ਦੇ ਅਨੇਕ ਖੇਤਰਾਂ ਦੇ ਵਿਕਾਸ ਕਾਰਣ ਵੀ ਅਰਥ ਪਰਿਵਰਤਣ ਵਾਪਰਦਾ ਹੈ। ਜਿਵੇਂ ਕਲਮ ਲਈ ਪੈਨ ਤੇ ਸਾਈਕਲ ਲਈ ਜਹਾਜ਼ ਆਦਿ।